# BC Hands & Voices

*"What works for your child is what makes the choice right."*™

BC Hands & Voices is a parent-driven, non-profit organization dedicated to supporting families with children who are deaf or hard of hearing.



## Controlling the Narrative

## ਬਿਰਤਾਂਤ ਨੂੰ ਕੰਟਰੋਲ ਕਰਨਾ

ਲੇਖਕ: ਟੈਰੀਸਾ ਕੈਜ਼ਮੀਰ

By Teresa Kazemir

ਜਦੋਂ ਸਾਡੇ ਨਵਜੰਮੇ ਪੁੱਤਰ ਬਾਰੇ ਪਤਾ ਲੱਗਾ ਕਿ ਉਸ ਨੂੰ ਉੱਚਾ ਸੁਣਦਾ ਹੈ, ਤਾਂ ਸਾਡੇ ਫਿਕਰਾਂ ਵਿਚਲੀਆਂ ਚੀਜ਼ਾਂ ਵਿੱਚ ਇਕ ਚੀਜ਼ ਇਹ ਸੀ ਕਿ ਕੀ ਇਸ ਗੱਲ ਦੀ ਸੰਭਾਵਨਾ ਹੈ ਕਿ ਉਸ ਦੇ ਸੁਣਨ ਵਾਲੇ ਸਾਜ਼-ਸਾਮਾਨ ਜਾਂ ਵੱਖਰੇ ਆਕਾਰ ਵਾਲੇ ਛੋਟੇ ਕੰਨਾਂ ਕਰਕੇ ਉਸ ਨੂੰ ਛੇੜਿਆ ਜਾਵੇਗਾ ਜਾਂ ਉਸ ਨਾਲ ਧੱਕਾ ਕੀਤਾ ਜਾਵੇਗਾ। ਅਸੀਂ ਸ਼ੁਰੂ ਵਿੱਚ ਹੀ ਇਕ ਜੁਗਤ ਸਿੱਖੀ ਜਿਸ ਨੂੰ "ਬਿਰਤਾਂਤ ਨੂੰ ਕੰਟਰੋਲ ਕਰਨਾ" ਕਿਹਾ ਜਾਂਦਾ ਹੈ। ਇਹ ਇਕ ਜਨ-ਸੰਚਾਰ ਦੀ ਜਾਚ ਹੈ, ਜਿਹੜੀ ਮੀਡੀਏ ਵਿੱਚ ਆਮ ਤੌਰ 'ਤੇ ਦਿਖਾਈ ਦਿੰਦੀ ਹੈ - 'ਕਹਾਣੀ ਤੋਂ ਅੱਗੇ ਵਧਣ ਦੀ ਖਾਹਿਸ਼' ਜਾਂ ਇਸ ਤੋਂ ਪਹਿਲਾਂ ਕਿ ਕੋਈ ਹੋਰ ਆਪਣੇ ਢੰਗ ਨਾਲ ਕਹਾਣੀ ਦੱਸੇ, ਤੁਸੀਂ ਉਸ ਤੋਂ ਪਹਿਲਾਂ ਆਪਣੇ ਢੰਗ ਨਾਲ ਆਪਣੀ ਕਹਾਣੀ ਦੱਸ ਦਿਉ।



ਅਸੀਂ ਚਾਹੁੰਦੇ ਸੀ ਕਿ ਸਾਡਾ ਪੁੱਤਰ, ਜੈਸੀ, ਇਕ ਤੱਕੜਾ ਸਵੈ-ਮਾਣ ਅਤੇ ਤੱਕੜੀ ਪਛਾਣ ਵਿਕਸਤ ਕਰੇ ਅਤੇ ਅਸੀਂ ਇਹ ਨਹੀਂ ਚਾਹੁੰਦੇ ਸੀ ਕਿ ਲੋਕ ਉਸ ਨਾਲ ਹਮਦਰਦੀ ਜਤਾਉਣ ਜਾਂ ਉਸ 'ਤੇ ਤਰਸ ਕਰਨ। ਇਸ ਦੇ ਨਾਲ ਹੀ ਅਸੀਂ ਅੱਗੇ ਦੱਸੇ ਗਏ ਨਾਂਹ-ਪੱਖੀ ਸ਼ਬਦਾਂ ਤੋਂ ਬਚਾਅ ਕਰਨਾ ਚਾਹੁੰਦੇ ਸੀ:

- "ਉਸ ਦੇ ਕੰਨਾਂ ਵਿੱਚ ਕੀ ਖਰਾਬੀ ਹੈ?"
- "ਉਹ ਚੰਗੀ ਤਰ੍ਹਾਂ ਨਹੀਂ ਸੁਣ ਸਕਦਾ."
- "ਉਸ ਦੇ ਕੰਨ ਬੇਡੌਲ ਹਨ।"
- "ਓਹੋ, ਇਹ ਤਾਂ ਬਹੁਤ ਮਾੜੀ ਗੱਲ ਹੈ।"
- "ਸੁਣਨ ਸ਼ਕਤੀ ਵਿੱਚ ਘਾਟ।"

ਅਸੀਂ ਇਸ ਗੱਲੋਂ ਬਹੁਤ ਹੈਰਾਨ ਹੋਏ ਕਿ ਦੋਸਤਾਂ, ਪਰਿਵਾਰ ਦੇ ਮੈਂਬਰਾਂ ਅਤੇ ਇੱਥੋਂ ਤੱਕ ਕਿ ਅਜਨਬੀ ਲੋਕਾਂ ਨਾਲ ਗੱਲਬਾਤ ਦੀ ਸੁਰ ਨਿਸ਼ਚਿਤ ਕਰਨਾ ਕਿੰਨਾ ਸੁਖਾਲਾ ਸੀ। ਅਸੀਂ ਦੇਖਿਆ ਕਿ ਜਦੋਂ ਅਸੀਂ ਆਪਣੇ ਪੁੱਤਰ ਦੇ ਕੰਨਾਂ, ਸੁਣਨ ਤੱਕ ਪਹੁੰਚ ਅਤੇ ਸਾਜ਼-ਸਾਮਾਨ ਬਾਰੇ ਤੱਥਾਂ ਦੇ ਆਧਾਰ 'ਤੇ ਸਵੀਕਾਰ ਕਰਨ ਦੀ ਸੁਰ ਵਿੱਚ ਗੱਲ ਕਰਦੇ ਸੀ ਤਾਂ ਲੋਕ ਆਰਾਮਦੇਹ ਹੋ ਜਾਂਦੇ ਸੀ ਅਤੇ ਇਹਨਾਂ ਚੀਜ਼ਾਂ ਬਾਰੇ ਸਾਡੇ ਵਾਂਗ ਹੀ ਗੱਲ ਕਰਦੇ ਸੀ। ਇਸ ਦੇ ਨਾਲ ਹੀ ਅਸੀਂ ਸੋਚ ਸਮਝ ਕੇ ਅਜਿਹੇ ਨਿਰਲੇਪ (ਨਿਊਟਰਲ) ਜਾਂ ਹਾਂ-ਪੱਖੀ ਸ਼ਬਦ ਅਤੇ ਵਾਕਅੰਸ਼ ਵਰਤਣੇ ਸ਼ੁਰੂ ਕੀਤੇ, ਅਸੀਂ ਚਾਹੁੰਦੇ ਸੀ ਜਿਹਨਾਂ ਹਾਂ-ਪੱਖੀ ਸ਼ਬਦਾਂ ਅਤੇ ਵਾਕਅੰਸ਼ਾਂ ਨੂੰ ਸੁਣਦਾ ਜੈਸੀ ਵੱਡਾ ਹੋਵੇ।

- "ਉਸ ਦੀਆਂ ਹੀਅਰਿੰਗ ਏਡਾਂ ਸੁਣਨ ਵਿੱਚ ਉਸ ਦੀ ਮਦਦ ਕਰਦੀਆਂ ਹਨ।"

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# Controlling the Narrative

By Teresa Kazemir



- "ਸਾਈਨ ਲੈਂਗੂਏਜ (ਸੰਕੇਤਕ ਭਾਸ਼ਾ) ਉਸ ਦੀ ਸਮਝਣ ਵਿੱਚ ਮਦਦ ਕਰਦੀ ਹੈ।"
- "ਜਦੋਂ ਤੁਸੀਂ ਉਸ ਦੀ ਪੱਧਰ 'ਤੇ ਹੋ ਕੇ ਗੱਲ ਕਰਦੇ ਹੋ ਜਿੱਥੇ ਉਹ ਤੁਹਾਡਾ ਚਿਹਰਾ ਦੇਖ ਸਕੇ ਤਾਂ ਉਸ ਨੂੰ ਸਭ ਤੋਂ ਬਿਹਰਤ ਸੁਣਦਾ ਹੈ।"
- "ਜੰਮਣ ਵੇਲੇ ਹੀ ਉਸ ਦੇ ਕੰਨ ਛੋਟੇ ਸਨ, ਜਿਹਨਾਂ ਵਿੱਚ ਮੋਰੀਆਂ ਨਹੀਂ ਸਨ।"
- "ਉੱਚਾ ਸੁਣਨ ਵਾਲਾ"

ਅਸੀਂ ਵੱਡੇ ਹੋ ਰਹੇ ਜੈਸੀ ਨੂੰ ਆਪਣੇ ਆਲੇ ਦੁਆਲੇ ਬੋਲੀ ਜਾ ਰਹੀ ਭਾਸ਼ਾ ਨੂੰ ਅੰਦਰੂਨੀ ਤੌਰ 'ਤੇ ਅਪਨਾਉਂਦਿਆਂ ਅਤੇ ਸਵਾਲਾਂ ਦੇ ਜੁਆਬ ਦੇਣ ਅਤੇ ਆਪਣੇ ਆਪ ਬਾਰੇ ਦੱਸਣ ਲਈ ਉਸ ਦੀ ਵਰਤੋਂ ਕਰਦੇ ਦੇਖਿਆ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਸੀ ਕਿ ਇਹ ਗੱਲ ਉਸ ਸਮੇਂ ਵੀ ਇਸ ਤਰ੍ਹਾਂ ਹੀ ਜਾਰੀ ਰਹੇ ਜਦੋਂ ਉਹ ਜ਼ਿਆਦਾ ਅਜ਼ਾਦ ਹੋਣ ਲੱਗੇਗਾ ਅਤੇ ਬਹੁਤਾ ਸਮਾਂ ਸਾਡੇ ਤੋਂ ਦੂਰ ਬਿਤਾਉਣ ਲੱਗੇਗਾ। ਜਦੋਂ ਉਹ ਪ੍ਰੀ-ਸਕੂਲ ਜਾਣ ਲੱਗਾ ਤਾਂ ਅਸੀਂ ਇਕ ਫੋਟੋਆਂ ਦੀ ਕਿਤਾਬ ਤਿਆਰ ਕੀਤੀ ਅਤੇ ਉਸ ਦੇ ਸੁਣਨ ਦੇ ਸਾਜ਼-ਸਾਮਾਨ ਬਾਰੇ ਦੱਸਣ ਲਈ ਫੋਟੋਆਂ ਹੇਠਾਂ ਕੈਪਸ਼ਨਾਂ ਲਿਖੀਆਂ। ਕਿੰਡਰਗਾਰਟਨ ਲਈ ਅਸੀਂ ਟੀਚਰਾਂ ਲਈ ਇਕ ਸਫੇ ਦਾ ਬ੍ਰੋਸ਼ਰ ਤਿਆਰ ਕੀਤਾ, ਜਿਸ ਵਿੱਚ ਇਕ ਵਾਰ ਫਿਰ ਉਸ ਸ਼ਬਦਾਵਲੀ ਅਤੇ ਹਾਂ-ਪੱਖੀ ਸੁਰ ਬਾਰੇ ਦੱਸਿਆ ਗਿਆ ਜਿਹੜੀ ਅਸੀਂ ਚਾਹੁੰਦੇ ਸੀ ਕਿ ਟੀਚਰ ਸਾਡੇ ਪੁੱਤਰ ਬਾਰੇ ਗੱਲ ਕਰਨ ਸਮੇਂ ਵਰਤਣ। ਬੋਲੇ ਅਤੇ ਉੱਚਾ ਸੁਣਨ ਵਾਲਿਆਂ ਦੇ ਟੀਚਰ ਨੇ ਉਸ ਦੀ ਕਿੰਡਰਗਾਰਟਨ ਦੀ ਕਲਾਸ ਨਾਲ ਇਕ ਘੇਰੇ ਵਿੱਚ ਬਿਠਾ ਕੇ ਗੱਲ ਕੀਤੀ, ਜਿਸ ਵਿੱਚ ਇਕ ਵਾਰ ਫਿਰ ਜੈਸੀ ਦੇ ਕੰਨਾਂ, ਉਸ ਦੀ ਸੁਣਨ ਤੱਕ ਪਹੁੰਚ ਅਤੇ ਉਸ ਦੇ ਸਾਜ਼-ਸਾਮਾਨ ਬਾਰੇ ਦੱਸਿਆ ਗਿਆ। ਬੱਚਿਆਂ ਨੂੰ ਹਾਂ-ਮੁਖੀ ਅਤੇ ਸ਼ਮੂਲੀਅਤ ਵਾਲੇ ਢੰਗ ਨਾਲ ਦੱਸਣ ਕਾਰਨ ਕਲੰਕੀ ਹੋਣ ਦਾ ਅਹਿਸਾਸ ਖਤਮ ਕੀਤਾ ਗਿਆ, ਅਤੇ ਬੱਚਿਆਂ ਨੂੰ ਉਸ ਉਮਰ ਵਿੱਚ ਢੁਕਵੀਂ ਸ਼ਬਦਾਵਲੀ (ਅਤੇ ਗੱਲਬਾਤ ਕਰਨ ਦੀਆਂ ਜੁਗਤਾਂ) ਦੱਸੀਆਂ ਗਈਆਂ, ਜਿਸ ਉਮਰ ਵਿੱਚ ਉਹ ਇਹਨਾਂ ਨੂੰ ਸਵੀਕਾਰ ਕਰਨ ਲਈ ਬਹੁਤ ਜ਼ਿਆਦਾ ਤਿਆਰ ਸਨ।

ਸਾਲਾਂ ਦੌਰਾਨ, ਮੈਂ ਇਹਨਾਂ ਜੁਗਤਾਂ ਦੀਆਂ ਕਈ ਕਿਸਮਾਂ ਦੇਖੀਆਂ ਹਨ। ਕਈ ਪਰਿਵਾਰ ਡੇਅ-ਕੇਅਰਾਂ, ਪ੍ਰੀ-ਸਕੂਲਾਂ ਜਾਂ ਕਿੰਡਰਗਾਰਟਨ ਵਿੱਚ ਸਾਂਝਿਆਂ ਕਰਨ ਲਈ ਆਪਣੇ ਬੱਚੇ ਬਾਰੇ ਰੰਗਦਾਰ ਬ੍ਰੋਸ਼ਰ ਤਿਆਰ ਕਰਦੇ ਹਨ (ਅੱਗੇ ਅਤੇ ਵਿਚਕਾਰ ਪਿਆਰੀਆਂ ਫੋਟੋਆਂ ਲਾ ਕੇ)। ਕਈ ਆਪਣੇ ਬੱਚੇ ਦੇ ਹਮਜਮਾਤੀਆਂ ਦੇ ਮਾਪਿਆਂ ਨੂੰ ਚਿੱਠੀਆਂ ਲਿਖਦੇ ਹਨ, ਤਾਂ ਕਿ ਆਪਣੇ ਬੱਚਿਆਂ ਨਾਲ ਗੱਲ ਕਰਨ ਸਮੇਂ ਵਰਤਣ ਲਈ ਉਹਨਾਂ ਕੋਲ ਸਹੀ ਜਾਣਕਾਰੀ ਅਤੇ ਢੁਕਵੀਂ ਸ਼ਬਦਾਵਲੀ ਹੋਵੇ। ਕਈ ਹੋਰ ਸਕੂਲ ਟੀਮ ਨਾਲ ਮਿਲਦੇ ਹਨ ਅਤੇ ਉਹਨਾਂ ਨੂੰ ਸਪਸ਼ਟ ਰੂਪ ਵਿੱਚ ਉਸ ਭਾਸ਼ਾ ਬਾਰੇ ਦਸਦੇ ਹਨ, ਜਿਹੜੀ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਦੇ ਸੰਬੰਧ ਵਿੱਚ ਵਰਤੀ ਜਾਵੇ ਅਤੇ ਸ਼ਾਇਦ ਉਹਨਾਂ ਸ਼ਬਦਾਂ ਅਤੇ ਲੇਬਲਾਂ ਬਾਰੇ ਵੀ ਦੱਸਦੇ ਹਨ ਜਿਹਨਾਂ ਦੀ ਵਰਤੋਂ ਸਟਾਫ ਵੱਲੋਂ ਨਾ ਕੀਤੀ ਜਾਵੇ।

ਇਸ ਗੱਲ ਨੂੰ ਪ੍ਰਭਾਵਿਤ ਕਰਨ ਲਈ ਕਿ ਦੂਸਰੇ ਲੋਕ ਸਾਡੇ ਬੱਚਿਆਂ ਬਾਰੇ ਕਿਸ ਤਰ੍ਹਾਂ ਗੱਲਬਾਤ ਕਰਨ ਅਤੇ ਇਕ ਅਜਿਹੇ ਹਾਂ-ਪੱਖੀ ਅਤੇ ਸਵੀਕਾਰ ਕਰਨ ਵਾਲੇ ਮਾਹੌਲ ਨੂੰ ਤਿਆਰ ਕਰਨ ਲਈ ਜਿਸ ਵਿੱਚ ਸਾਡੇ ਬੱਚੇ ਵੱਡੇ ਅਤੇ ਪ੍ਰਫੁੱਲਤ ਹੋ ਸਕਣ, ਇਹਨਾਂ ਸਾਰੀਆਂ ਜੁਗਤਾਂ ਦੀ ਕਾਮਯਾਬੀ ਨਾਲ ਵਰਤੋਂ ਕੀਤੀ ਜਾ ਸਕਦੀ ਹੈ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।